**ਆਕਾਸ਼ਵਾਣੀ ਜਲੰਧਰ**

**ਪ੍ਰਦੇਸ਼ਿਕ ਖਬਰਾਂ ਪੰਜਾਬੀ**

**13:10**

**ਮਿਤੀ :30-11-2025**

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਏ ਕਿ ਹਾਲ ਹੀ ਵਿਚ ਹੋਈਆਂ ਕਈ ਘਟਨਾਵਾਂ ਭਾਰਤ ਦੀ ਨਵੀਂ ਸੋਚ, ਨਵੀਨਤਾ ਅਤੇ ਨੌਜਵਾਨ ਸ਼ਕਤੀ ਨੂੰ ਦਰਸਾਉਂਦੀਆਂ ਨੇ। ਆਕਾਸ਼ਵਾਣੀ 'ਤੇ ਮਨ ਕੀ ਬਾਤ ਪ੍ਰੋਗਰਾਮ ਵਿਚ ਬੋਲਦਿਆਂ, ਸ੍ਰੀ ਮੋਦੀ ਨੇ ਕਿਹਾ ਕਿ ਭਾਵੇਂ ਇਹ ਹੈਦਰਾਬਾਦ ਵਿਚ ਦੁਨੀਆ ਦੀ ਸਭ ਤੋਂ ਵੱਡੀ ਲੀਪ ਇੰਜਨ ਐੱਮ.ਆਰ.ਓ. ਸਹੂਲਤ ਦਾ ਉਦਘਾਟਨ ਹੋਵੇ, ਦੇਸ਼ ਦੀ ਸਮੁੰਦਰੀ ਫ਼ੌਜ ਵਿਚ ਆਈ.ਐੱਨ.ਐੱਸ. ਮਾਹੇ ਦਾ ਸ਼ਾਮਲ ਹੋਣਾ ਹੋਵੇ ਜਾਂ ਦੇਸ਼ ਵਿਚ ਸਕਾਈਰੂਟ ਦੇ ਇਨਫਿਨਿਟੀ ਕੰਪਲੈਕਸ ਦਾ ਉਦਘਾਟਨ ਹੋਵੇ, ਇਹ ਸਭ ਇਸ ਦੇ ਸਬੂਤ ਨੇ। ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਨੇ 35 ਕਰੋੜ 7 ਲੱਖ ਟਨ ਅਨਾਜ ਦੇ ਉਤਪਾਦਨ ਨਾਲ ਇਤਿਹਾਸਕ ਰਿਕਾਰਡ ਕਾਇਮ ਕੀਤਾ ਏ, ਜੋ ਕਿ ਖੇਤੀਬਾੜੀ ਖੇਤਰ ਵਿਚ  ਵੱਡੀ ਪ੍ਰਾਪਤੀ ਏ। ਸ੍ਰੀ ਮੋਦੀ ਨੇ ਕਿਹਾ ਕਿ

ਪਿਛਲੇ 10 ਸਾਲਾਂ ਵਿਚ ਭਾਰਤ ਦੇ ਅਨਾਜ ਉਤਪਾਦਨ ਵਿਚ 10 ਕਰੋੜ ਟਨ ਦਾ ਵਾਧਾ ਹੋਇਆ ਏ।

ਉਨ੍ਹਾਂ ਕਿਹਾ

Byte

ਪ੍ਰਧਾਨ ਮੰਤਰੀ ਨੇ ਕਿਹਾ ਕਿ ਰਾਸ਼ਟਰਮੰਡਲ ਖੇਡਾਂ ਦੀ ਮੇਜ਼ਬਾਨੀ ਕਰਨਾ ਭਾਰਤ ਲਈ ਮਾਣ ਵਾਲੀ ਗੱਲ ਏ ਅਤੇ ਇਹ ਮਹੀਨਾ ਭਾਰਤ ਵਿਚ ਖੇਡਾਂ ਦੇ ਲਿਹਾਜ਼ ਨਾਲ ਬਹੁਤ ਵਧੀਆ ਰਿਹਾ ਏ। ਭਾਰਤੀ ਮਹਿਲਾ ਟੀਮ ਨੇ ਆਈ.ਸੀ.ਸੀ. ਮਹਿਲਾ ਵਿਸ਼ਵ ਕੱਪ ਜਿੱਤਿਆ। ਕੁਝ ਦਿਨ ਪਹਿਲਾਂ, ਭਾਰਤ ਨੇ ਟੋਕੀਓ ਵਿਚ ਹੋਏ ਡੈਫਲਿੰਪਿਕਸ ਵਿਚ ਆਪਣੀ ਹੁਣ ਤੱਕ ਦੀ ਸਭ ਤੋਂ ਵਧੀਆ ਕਾਰਗੁਜ਼ਾਰੀ ਨਾਲ 20 ਤਮਗ਼ੇ ਜਿੱਤੇ ਸਨ। ਭਾਰਤੀ ਮਹਿਲਾ ਖਿਡਾਰੀਆਂ ਨੇ ਕਬੱਡੀ ਵਿਸ਼ਵ ਕੱਪ ਜਿੱਤ ਕੇ ਇਤਿਹਾਸ ਰਚਿਆ ਏ ਅਤੇ ਦੇਸ਼ ਦੇ ਖਿਡਾਰੀਆਂ ਨੇ ਵਿਸ਼ਵ ਮੁੱਕੇਬਾਜ਼ੀ ਚੈਂਪੀਅਨਸ਼ਿਪ ਵਿਚ 20 ਤਮਗੇ ਜਿੱਤੇ ਨੇ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਭਾਰਤੀ ਮਹਿਲਾ ਟੀਮ ਨੇ ਇਕ ਵੀ ਮੈਚ ਹਾਰੇ ਬਿਨਾਂ ਨੇਤਰਹੀਣ ਕ੍ਰਿਕਟ ਵਿਸ਼ਵ ਕੱਪ ਜਿੱਤਿਆ ਏ। ਇਹ ਭਾਰਤੀ ਖੇਡਾਂ ਦੇ

ਇਤਿਹਾਸ ਦੀ ਸਭ ਤੋਂ ਵੱਡੀ ਜਿੱਤ ਹੈ, ਜੋ ਹਰ ਭਾਰਤੀ ਨੂੰ ਪ੍ਰੇਰਿਤ ਕਰਦੀ ਰਹੇਗੀ।

------------------------------------------------------------

ਲੁਧਿਆਣਾ ਵਿਚ ਬੀਤੀ ਦੇਰ ਰਾਤ ਵਿਆਹ ਸਮਾਗਮ ਵਿਚ ਨੌਜਵਾਨਾਂ ਦੇ 2 ਸਮੂਹਾਂ ਦਰਮਿਆਨ ਹੋਈ ਗੋਲ਼ੀਬਾਰੀ ਵਿਚ ਇਕ ਔਰਤ ਸਮੇਤ ਦੋ ਵਿਅਕਤੀਆਂ ਦੀ ਮੌਤ ਹੋ ਗਈ ਤੇ ਇਕ ਜ਼ਖਮੀ ਹੋ ਗਿਆ। ਮ੍ਰਿਤਕਾਂ ਦੀ ਪਛਾਣ ਵਾਸੂ ਚੋਪੜਾ ਅਤੇ ਨੀਤੂ ਛਾਬੜਾ ਵਜੋਂ ਹੋਈ ਏ। ਜ਼ਖਮੀ ਨੂੰ ਡੀ.ਐੱਮ.ਸੀ. ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਏ। ਲੁਧਿਆਣਾ ਦੇ ਪੁਲਿਸ ਕਮਿਸ਼ਨਰ ਸਵਪਨ ਸ਼ਰਮਾ ਮੁਤਾਬਕ ਦੋਵਾਂ ਗਰੁੱਪਾਂ ਵਿਚਕਾਰ ਹੋਈ ਬਹਿਸ ਕਾਰਨ ਝੜਪ ਹੋ ਗਈ ਸੀ। ਇਸ ਦੌਰਾਨ 25 ਗੋਲੀਆਂ ਚਲਾਈਆਂ ਗਈਆਂ ਤੇ ਨਤੀਜੇ ਵਜੋਂ 2 ਵਿਅਕਤੀਆਂ ਦੀ ਮੌਤ ਹੋ ਗਈ।

ਉਨ੍ਹਾਂ ਕਿਹਾ

Byte

------------------------------------------------------------

ਆਕਾਸ਼ਵਾਣੀ ਜਲੰਧਰ ਨੇ ਕੱਲ੍ਹ ਸ਼ਾਮ ਸਾਲਾਨਾ ਆਕਾਸ਼ਵਾਣੀ ਸੰਗੀਤ

ਸੰਮੇਲਨ 2025 ਕਰਵਾਇਆ। ਸੰਮੇਲਨ ਦੀ ਸ਼ੁਰੂਆਤ ਭਾਰਤੀ ਰਿਵਾਇਤ ਮੁਤਾਬਕ ਸ਼ਮਾ ਰੌਸ਼ਨ ਕਰ ਕੇ ਹੋਈ, ਜਿਸ ਦੀ ਰਸਮ ਦੂਰਦਰਸ਼ਨ ਜਲੰਧਰ ਦੇ ਮੁਖੀ, ਡਿਪਟੀ ਡਾਇਰੈਕਟਰ ਜਨਰਲ ਆਰ.ਕੇ. ਜਾਰੰਗਲ, ਆਕਾਸ਼ਵਾਣੀ ਜਲੰਧਰ ਦੇ ਡਿਪਟੀ ਡਾਇਰੈਕਟਰ, ਇੰਜੀਨੀਅਰਿੰਗ ਦਿਲਬਾਗ ਸਿੰਘ, ਪ੍ਰੋਗਰਾਮ ਹੈੱਡ, ਆਕਾਸ਼ਵਾਣੀ ਸਟੇਸ਼ਨ ਪਰਮਜੀਤ ਸਿੰਘ, ਦੂਰਦਰਸ਼ਨ ਪ੍ਰੋਗਰਾਮ ਹੈੱਡ ਕੇਵਲ ਕ੍ਰਿਸ਼ਨ ਤੇ ਆਕਾਸ਼ਵਾਣੀ ਦੇ ਨਿਊਜ਼ ਹੈੱਡ ਰਾਜੇਸ਼ ਚੰਦਰ ਬਾਲੀ ਨੇ ਨਿਭਾਈ । ਸੰਗੀਤ ਸੰਮੇਲਨ ਵਿਚ ਉੱਘੇ ਕਲਾਕਾਰਾਂ ਨੇ ਸੁਰੀਲੀਆਂ ਸੰਗੀਤਕ ਪੇਸ਼ਕਾਰੀਆਂ ਦਿੱਤੀਆਂ । ਪ੍ਰਸਿੱਧ ਕੀਰਤਨੀਏ ਭਾਈ ਗੁਰਮੀਤ ਸਿੰਘ ਸ਼ਾਂਤ ਅਤੇ ਜੱਥੇ ਨੇ ਰੂਹਾਨੀ ਸ਼ਬਦ ਕੀਰਤਨ ਦਾ ਗਾਇਨ ਕੀਤਾ । ਇਸ ਤੋਂ ਬਾਅਦ ਲੋਕ ਗਾਇਕਾ ਸ਼੍ਰੀਮਤੀ ਗਲੋਰੀ ਬਾਵਾ ਨੇ ਆਪਣੀ ਆਵਾਜ਼ ਵਿਚ ਪੰਜਾਬੀ ਗੀਤ ਗਾ ਕੇ ਹਾਜ਼ਰੀਨ ਨੂੰ ਮੰਤਰ ਮੁਗਧ ਕਰ ਦਿੱਤਾ । ਇਨ੍ਹਾਂ ਕਲਾਕਾਰਾਂ ਨੂੰ ਆਕਾਸ਼ਵਾਣੀ ਵੱਲੋਂ ਸਨਮਾਨਿਤ ਕੀਤਾ ਗਿਆ । ਆਕਾਸ਼ਵਾਣੀ ਸੰਗੀਤ ਸੰਮੇਲਨ, ਆਕਾਸ਼ਵਾਣੀ ਦੇ ਸਭ ਤੋਂ ਵੱਕਾਰੀ ਸਾਲਾਨਾ ਸੰਗੀਤ ਸਮਾਰੋਹਾਂ ਵਿੱਚੋਂ ਇਕ ਏ , ਜੋ ਕਿ ਭਾਰਤ ਦੀ ਅਮੀਰ ਸੰਗੀਤਕ ਵਿਰਾਸਤ ਨੂੰ ਸੁਰੱਖਿਅਤ

ਰੱਖਣ ਪ੍ਰਤੀ ਸਮਰਪਿਤ ਏ । ਇਸ ਸਮਾਗਮ ਰਾਹੀਂ, ਆਕਾਸ਼ਵਾਣੀ ਜਲੰਧਰ, ਗਾਇਨ ਦੇ ਸ਼ਾਸਤਰੀ ਅਤੇ ਲੋਕ ਕਲਾ-ਰੂਪਾਂ ਨੂੰ ਉਤਸ਼ਾਹਤ ਕਰਨ ਦੀ ਆਪਣੀ ਰਿਵਾਇਤ ਨੂੰ ਜਾਰੀ ਰੱਖ ਰਿਹਾ ਏ।

---------------------------------------------------------------

ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ 273ਵੇਂ ਦਿਨ ਪੰਜਾਬ ਪੁਲਿਸ ਨੇ ਕੱਲ੍ਹ 334 ਥਾਵਾਂ ’ਤੇ ਛਾਪੇਮਾਰੀ ਕੀਤੀ, ਜਿਸ ਦੌਰਾਨ ਸੂਬੇ ਵਿਚ 52 ਮਾਮਲੇ ਦਰਜ ਕਰ ਕੇ 67 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਨਸ਼ਾ ਤਸਕਰਾਂ ਦੇ ਕਬਜ਼ੇ ਵਿੱਚੋਂ 237 ਗ੍ਰਾਮ ਹੈਰੋਇਨ, ਪਾਬੰਦੀਸ਼ੁਦਾ ਗੋਲੀਆਂ ਅਤੇ ਨਗਦੀ ਬਰਾਮਦ ਕੀਤੀ ਗਈ। ਇਸ ਦੌਰਾਨ 358 ਸ਼ੱਕੀ ਵਿਅਕਤੀਆਂ ਦੀ ਜਾਂਚ ਕੀਤੀ ਤੇ 25 ਵਿਅਕਤੀਆਂ ਨੂੰ ਨਸ਼ੇ ਛੱਡਣ ਤੇ ਇਲਾਜ ਕਰਵਾਉਣ ਲਈ ਪ੍ਰੇਰਿਤ ਕੀਤਾ ਗਿਆ ਏ।

---------------------------------------------------------------